ਪੰਜਾਬ ਸਕੂਲ ਸਿੱਖਿਆ ਬੋਰਡ

ਵਿਸ਼ਾ- ਦਸਵੀਂ ਅਤੇ ਬਾਰ੍ਹਵੀਂ ਸ੍ਰੇਣੀ ਮਾਰਚ-2026 (ਰੈਗੂਲਰ) ਸਰਕਾਰੀ ਸਕੂਲਾਂ /ਮਾਨਤਾ ਪ੍ਰਾਪਤ ਸਕੂਲਾਂ/ ਐਫੀਲਿਏਟਡ /ਐਸੋਸ਼ੀਏਟਡ ਸਕੂਲਾਂ ਦੇ ਮੁੱਖੀਆਂ ਲਈ ਪ੍ਰੀਖਿਆ ਫੀਸਾਂ ਭਰਨ ਦਾ ਸ਼ਡਿਊਲ ਅਤੇ ਪ੍ਰੀਖਿਆ ਫਾਰਮ ਡਾਊਨਲੋਡ ਕਰਨ ਲਈ ਹਦਾਇਤਾਂ ਜਾਰੀ ਕਰਨ ਸਬੰਧੀ।

ਉਪਰੋਕਤ ਵਿਸੇ ਸਬੰਧੀ ਦਸਵੀਂ ਅਤੇ ਬਾਰ੍ਹਵੀਂ ਸ੍ਰੇਣੀ (ਕੇਵਲ ਰੈਗੂਲਰ) ਮਾਰਚ-2026 ਦੀਆਂ ਪ੍ਰੀਖਿਆ ਫੀਸਾਂ ਭਰਨ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

**ੳ)** ਮੈਟ੍ਰਿਕ ਲਈ ਪ੍ਰੀਖਿਆ ਫੀਸ ਪ੍ਰਤੀ ਪ੍ਰੀਖਿਆਰਥੀ :- 1500 + 220 = 1720 ਰੁਪਏ (ਸਮੇਤ ਹਾਰਡ ਕਾਪੀ ਦੀ ਫੀਸ ਪ੍ਰਤੀ ਪ੍ਰੀਖਿਆਰਥੀ) + ਵਾਧੂ ਵਿਸ਼ੇ ਦੀ ਫੀਸ 400/-ਰੁ: (ਪ੍ਰਤੀ ਵਿਸ਼ਾ)

**ਅ)** ਬਾਰ੍ਹਵੀਂ ਲਈ ਪ੍ਰੀਖਿਆ ਫੀਸ ਪ੍ਰਤੀ ਪ੍ਰੀਖਿਆਰਥੀ :- 1900 + 270 = 2170 ਰੁਪਏ (ਸਮੇਤ ਹਾਰਡ ਕਾਪੀ ਦੀ ਫੀਸ ਪ੍ਰਤੀ ਪ੍ਰੀਖਿਆਰਥੀ) + ਵਾਧੂ ਵਿਸ਼ੇ ਦੀ ਫੀਸ 400/-ਰੁ: (ਪ੍ਰਤੀ ਵਿਸ਼ਾ)

| **ਸ਼ਡਿਊਲ ਦਾ ਵੇਰਵਾ:** | **ਆਫ-ਲਾਈਨ ਫੀਸ ਲਈ ਬੈਂਕ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ** | **ਆਫ-ਲਾਈਨ ਫੀਸ ਚਲਾਨ ਰਾਹੀਂ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ** | **ਪ੍ਰੀਖਿਆ ਫਾਰਮ ਭਰਨ ਅਤੇ ਆਨ-ਲਾਈਨ ਗੇਟ-ਵੇਅ ਰਾਹੀਂ ਫੀਸ ਜਮ੍ਹਾਂ ਕਰਵਾਉਣ ਦੀ ਮਿਤੀ** |
|---|---|---|---|
| **ਬਿਨਾਂ ਲੇਟ ਫੀਸ ਆਖਰੀ ਮਿਤੀ:** | 20-09-2025 ਤੋਂ 24-10-2025 | 27-10-2025 | 27-10-2025 |
| **1000/-ਰੁ ਲੇਟ ਫੀਸ ਪ੍ਰਤੀ ਪ੍ਰੀਖਿਆਰਥੀ** | 25-10-2025 ਤੋਂ 04-11-2025 | 10-11-2025 | 10-11-2025 |
| **2000/-ਰੁ ਲੇਟ ਫੀਸ ਪ੍ਰਤੀ ਪ੍ਰੀਖਿਆਰਥੀ** | 05-11-2025 ਤੋਂ 14-11-2025 | 17-11-2025 | 17-11-2025 |

Ministry of Social Justice & Empowerment, Department of Disability Affair ਵੱਲੋਂ ਜਾਰੀ ਹਦਾਇਤਾਂ ਅਨੁਸਾਰ 18 ਸਾਲ ਤੱਕ ਦੇ ਦਿਵਿਆਂਗ ਪ੍ਰੀਖਿਆਰਥੀਆਂ ਤੋਂ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੀਖਿਆ ਫੀਸ ਨਹੀਂ ਲਈ ਜਾਣੀ, ਪ੍ਰੰਤੂ ਸਰਟੀਫਿਕੇਟ ਦੀ ਹਾਰਡ ਕਾਪੀ ਫੀਸ ਅਤੇ ਸ਼ਡਿਊਲ ਅਨੁਸਾਰ ਬਣਦੀ ਲੇਟ ਫੀਸ ਵਸੂਲ ਕੀਤੀ ਜਾਵੇਗੀ।

## (ੳ) ਪ੍ਰੀਖਿਆ ਫੀਸਾਂ ਦੇ ਭਰਨ ਅਤੇ ਪ੍ਰੀਖਿਆ ਫਾਰਮ ਡਾਊਨਲੋਡ ਕਰਨ ਸਬੰਧੀ ਹਦਾਇਤਾਂ :-

ਪ੍ਰੀਖਿਆ ਫੀਸਾਂ ਭਰਨ ਅਤੇ ਪ੍ਰੀਖਿਆ ਫਾਰਮ ਡਾਊਨਲੋਡ ਕਰਨ ਲਈ Step ਹੇਠ ਲਿਖੇ ਅਨੁਸਾਰ ਹਨ :-

1. ਪ੍ਰੀਖਿਆ ਫੀਸ ਬੈਂਕ ਚਲਾਨ ਅਤੇ ਆਨ ਲਾਈਨ ਮਾਧਿਅਮ (ਜਿਵੇਂ ਕਿ ਯੂ.ਪੀ.ਆਈ.ਐਪ, ਡੈਬਿਟ ਕਾਰਡ / ਕ੍ਰੈਡਿਟ ਕਾਰਡ/ ਨੈਟ ਬੈਕਿੰਗ) ਰਾਹੀਂ ਜਮਾਂ ਕਰਵਾਈ ਜਾ ਸਕੇਗੀ।

2. ਬੈਂਕ ਚਲਾਨ ਵਿੱਚ ਦਰਜ Valid date ਤੱਕ ਫੀਸ ਭਰਨੀ ਲਾਜ਼ਮੀ ਹੈ ਅਤੇ Valid date ਤੋਂ ਬਾਅਦ ਲੇਟ ਫੀਸ ਨਾਲ ਚਲਾਨ ਰੀ-ਜਨਰੇਟ ਕਰਨਾ ਪਵੇਗਾ । ਜੇਕਰ ਕਿਸੇ ਸੰਸਥਾ/ਸਕੂਲ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਸਮੇਂ ਸਿਰ ਕਾਰਵਾਈ ਨਹੀਂ ਕੀਤੀ ਜਾਵੇਗੀ ਤਾਂ ਅਜਿਹੇ ਸੰਸਥਾ/ਸਕੂਲ ਅਣਗਹਿਲੀ ਲਈ ਖੁਦ ਜਿੰਮੇਵਾਰ ਹੋਣਗੇ। ਅਜਿਹੀ ਸੂਰਤ ਵਿੱਚ ਬੋਰਡ ਨਾਲ ਸਬੰਧਤ ਐਸੋਸੀਏਟਡ /ਐਫੀਲਿਏਟਡ ਸੰਸਥਾਵਾਂ ਵਿਰੁੱਧ ਐਫੀਲਿਏਸ਼ਨ ਵਿਨਿਯਮਾਂ ਅਧੀਨ , ਵਿਧੀ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਸਰਕਾਰੀ ਸਕੂਲਾਂ ਤੇ ਕੇਸਾਂ ਵਿੱਚ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਵਿਰੁੱਧ ਵਿਨਿਯਮਾਂ ਅਧੀਨ ਵਿਧੀ ਅਨੁਸਾਰ ਕਾਰਵਾਈ ਕਰਨ ਲਈ ਡਾਇਰੈਕਟਰ,ਸਿੱਖਿਆ ਵਿਭਾਗ (ਸੰਕੈਡਰੀ/ ਐਲੀਮੈਂਟਰੀ) ਨੂੰ ਲਿਖ ਕੇ ਭੇਜਿਆ ਜਾਵੇਗਾ।

3. ਸਕੂਲ ਲਾਗ-ਇੰਨ ਆਈ.ਡੀ. ਅਧੀਨ ਮਾਰਚ 2026 ਵਿੱਚ ਲਾਗ-ਇੰਨ ਕੀਤਾ ਜਾਵੇ

4. ਸਰਟੀਫਿਕੇਟ ਦੀ ਹਾਰਡ ਕਾਪੀ ਲੈਣੀ ਸਾਰੇ ਪ੍ਰੀਖਿਆਰਥੀਆਂ ਲਈ ਲਾਜ਼ਮੀ ਹੈ।

5. ਜਿਨ੍ਹਾਂ ਪ੍ਰੋਫਾਰਮੇ ਤੇ " **ਦਫਤਰ ਨੂੰ ਭੇਜੇ ਜਾਣ ਵਾਲੇ ਫਾਰਮ** " ਲਿਖਿਆ ਹੋਇਆ ਹੈ,ਭਾਵ (ਸਕੂਲ ਦਾ ਫਾਰਵਰਡਿੰਗ ਲੈਟਰ,ਫੀਸਾਂ ਦਾ ਵੇਰਵਾ, ਸੈਂਟਰ ਸਟੇਟਮੈਂਟ) ਦਾ ਪ੍ਰਿੰਟ ਲੈ ਕੇ ਖੇਤਰੀ ਦਫਤਰ ਵਿਖੇ ਨਿਰਧਾਰਿਤ ਮਿਤੀ ਤੱਕ ਜਮ੍ਹਾ ਕਰਾਉਣਾ ਯਕੀਨੀ ਬਣਾਇਆ ਜਾਵੇ ।

6. Examination Portal ਤੇ ਕਲਿੱਕ ਕੀਤਾ ਜਾਵੇ ਅਤੇ ਖੱਬੇ ਹੱਥ ਦਿੱਤੇ ਮੀਨੂ ਵਿੱਚੋਂ ਸੰਬੰਧਿਤ ਸ਼੍ਰੇਣੀ Select ਕੀਤੀ ਜਾਵੇ (ਭਾਵ ਦਸਵੀਂ ਰੈਗੂਲਰ, ਬਾਰ੍ਹਵੀਂ ਰੈਗੂਲਰ,) ਸ਼੍ਰੇਣੀ ਸਲੈਕਟ ਕਰਨ ਉਪਰੰਤ ਸਬੰਧਤ ਸ਼੍ਰੇਣੀ ਤੇ ਰਜਿਸਟਰਡ ਪ੍ਰੀਖਿਆਰਥੀਆਂ ਦੀ ਸੂਚੀ ਦਿਖੇਗੀ।

7. ਸੂਚੀ ਵਿੱਚ ਹਰ ਇੱਕ ਵਿਦਿਆਰਥੀ ਦੇ ਸਾਹਮਣੇ Select ਕਾਲਮ ਹੋਵੇਗਾ ਜਿਸ ਵਿੱਚ ਚੈੱਕ ਬਾਕਸ ਹੋਵੇਗਾ । ਜਿਨ੍ਹਾਂ ਪ੍ਰੀਖਿਆਰਥੀਆਂ ਦੇ ਪ੍ਰੀਖਿਆ ਫਾਰਮ ਜਨਰੇਟ ਕਰਨੇ ਹਨ ਉਹਨਾਂ ਪ੍ਰੀਖਿਆਰਥੀਆਂ ਦੇ ਸਾਹਮਣੇ ਲੱਗੇ ਕਾਲਮ ਦਾ ਚੈੱਕ ਬਾਕਸ Select ਕੀਤਾ ਜਾਵੇ

8.ਪ੍ਰੀਖਿਆਰਥੀ Select ਕਰਨ ਉਪਰੰਤ ਪ੍ਰੀਖਿਆ ਫਾਰਮ ਜਨਰੇਟ ਕਰਨ ਹਿੱਤ Add ਬਟਨ ਤੇ ਕਲਿੱਕ ਕੀਤਾ ਜਾਵੇ Add ਕੀਤੇ ਪ੍ਰੀਖਿਆਰਥੀ Select List ਵਿੱਚ ਚਲੇ ਜਾਣਗੇ।

9. ਕਲਿੱਕ ਕਰਨ ਉਪਰੰਤ ਕੈਟਾਗਰੀ (Caste) ਵਾਈਜ ਫੀਸ ਹੋ ਕੇ Calculate ਹੋ ਕੇ ਦਿਖ ਜਾਵੇਗੀ ਅਤੇ ਜਿਨਾਂ ਪ੍ਰੀਖਿਆਰਥੀਆਂ ਦੀ ਫੀਸ ਕਲੇਮ ਕਰਨੀ ਹੈ , ਉਹਨਾਂ ਦੀ ਗਿਣਤੀ ਅਤੇ ਫੀਸ ਦੀ ਰਕਮ ਦਿਖ ਜਾਵੇਗੀ।

10 Select List ਵਿੱਚੋਂ ਪ੍ਰੀਖਿਆਰਥੀ ਵੈਰੀਫਾਈ ਕਰਨ ਉਪਰੰਤ ਦਿੱਤੇ ਗਏ ਜਨਰੇਟ ਚਲਾਨ ਬਟਨ ਤੇ ਕਲਿੱਕ ਕੀਤਾ ਜਾਵੇ । ਕਲਿੱਕ ਕਰਨ ਉਪਰੰਤ ਪ੍ਰੀਖਿਆਰਥੀਆਂ ਦੀ ਗਿਣਤੀ ਅਤੇ

7. ਸੂਚੀ ਵਿੱਚ ਹਰ ਇੱਕ ਵਿਦਿਆਰਥੀ ਦੇ ਸਾਹਮਣੇ Select ਕਾਲਮ ਹੋਵੇਗਾ ਜਿਸ ਵਿੱਚ ਚੈੱਕ ਬਾਕਸ ਹੋਵੇਗਾ । ਜਿਨ੍ਹਾਂ ਪ੍ਰੀਖਿਆਰਥੀਆਂ ਦੇ ਪ੍ਰੀਖਿਆ ਫਾਰਮ ਜਨਰੇਟ ਕਰਨੇ ਹਨ ਉਹਨਾਂ ਪ੍ਰੀਖਿਆਰਥੀਆਂ ਦੇ ਸਾਹਮਣੇ ਲੱਗੇ ਕਾਲਮ ਦਾ ਚੈੱਕ ਬਾਕਸ Select ਕੀਤਾ ਜਾਵੇ

8.ਪ੍ਰੀਖਿਆਰਥੀ Select ਕਰਨ ਉਪਰੰਤ ਪ੍ਰੀਖਿਆ ਫਾਰਮ ਜਨਰੇਟ ਕਰਨ ਹਿੱਤ Add ਬਟਨ ਤੇ ਕਲਿੱਕ ਕੀਤਾ ਜਾਵੇ Add ਕੀਤੇ ਪ੍ਰੀਖਿਆਰਥੀ Select List ਵਿੱਚ ਚਲੇ ਜਾਣਗੇ।

9. ਕਲਿੱਕ ਕਰਨ ਉਪਰੰਤ ਕੈਟਾਗਰੀ (Caste) ਵਾਈਜ ਫੀਸ ਹੋ ਕੇ Calculate ਹੋ ਕੇ ਦਿਖ ਜਾਵੇਗੀ ਅਤੇ ਜਿਨਾਂ ਪ੍ਰੀਖਿਆਰਥੀਆਂ ਦੀ ਫੀਸ ਕਲੇਮ ਕਰਨੀ ਹੈ , ਉਹਨਾਂ ਦੀ ਗਿਣਤੀ ਅਤੇ ਫੀਸ ਦੀ ਰਕਮ ਦਿਖ ਜਾਵੇਗੀ।

10 Select List ਵਿੱਚੋਂ ਪ੍ਰੀਖਿਆਰਥੀ ਵੈਰੀਫਾਈ ਕਰਨ ਉਪਰੰਤ ਦਿੱਤੇ ਗਏ ਜਨਰੇਟ ਚਲਾਨ ਬਟਨ ਤੇ ਕਲਿੱਕ ਕੀਤਾ ਜਾਵੇ । ਕਲਿੱਕ ਕਰਨ ਉਪਰੰਤ ਪ੍ਰੀਖਿਆਰਥੀਆਂ ਦੀ ਗਿਣਤੀ ਅਤੇ ਫੀਸ Calculate ਹੋ ਕੇ ਦਿਖ ਜਾਵੇਗੀ । ਫੀਸ ਅਤੇ ਪ੍ਰੀਖਿਆਰਥੀਆਂ ਦੀ ਗਿਣਤੀ ਵੈਰੀਫਾਈ ਕਰਨ ਉਪਰੰਤ Submit ਬਟਨ ਤੇ ਕਲਿੱਕ ਕੀਤਾ ਜਾਵੇ ਅਤੇ ਫੀਸ ਭਰਨ ਲਈ ਆਨਲਾਈਨ ਮਧਿਅਮ ਚੁਣਿਆ ਜਾਵੇ ਜਾਂ ਆਫਲਾਈਨ ਮਧਿਅਮ ਰਾਹੀਂ ਫੀਸ ਭਰਨ ਲਈ ਬੈਂਕ ਸਲੈਕਟ ਕਰਨ ਉਪਰੰਤ ਚਲਾਨ ਬਣਾ ਲਿਆ ਜਾਵੇ ।

11. ਚਲਾਨ ਜਨਰੇਟ ਕਰਨ ਉਪਰੰਤ 24 ਘੰਟੇ ਬਾਅਦ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਈ ਜਾਵੇ

12. ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣ ਉਪਰੰਤ 48 ਤੋਂ 72 ਘੰਟੇ ਦੇ ਵਿੱਚ ਫੀਸ ਵੈਰੀਫਾਈ ਨਹੀਂ ਹੁੰਦੀ ਤਾਂ ਇਸ ਸਬੰਧੀ ਸਬੰਧਤ ਬੈਂਕ ਜਾਂ ਬੋਰਡ ਨਾਲ ਸੰਪਰਕ ਕੀਤਾ ਜਾਵੇ।

13. ਪ੍ਰੀਖਿਆ ਫਾਰਮ ਪ੍ਰਿੰਟ ਕਰਨ ਲਈ Download Examination Form ਮੀਨੂ ਤੇ ਕਲਿੱਕ ਕੀਤਾ ਜਾਵੇ । ਇਸ ਅਧੀਨ Lot wise generate ਕੀਤੇ ਫਾਰਮਾਂ ਦੀ ਸੂਚੀ ਦਿਖ ਜਾਵੇਗੀ । ਜਿਸ Lot ਦੀ ਫੀਸ ਬੈਂਕ ਦੁਆਰਾ ਵੈਰੀਫਾਈ ਕਰ ਦਿੱਤੀ ਜਾਵੇਗੀ , ਉਸਦੇ ਸਾਹਮਣੇ ਪ੍ਰਿੰਟ Examination Form ਤੇ ਕਲਿੱਕ ਕਰਕੇ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ। Print Examination Form ਬਟਨ ਤੇ ਕਲਿੱਕ ਕੀਤਾ ਜਾਵੇ Lot wise ਸੂਚੀ ਵਿੱਚੋਂ ਸਬੰਧਤ Lot select ਕਰਕੇ ਪ੍ਰੀਖਿਆ ਫਾਰਮ Download ਕੀਤੇ ਜਾਣ । ਜਦੋਂ ਤੱਕ ਫੀਸ ਬੈਂਕ ਦੁਆਰਾ ਵੈਰੀਫਾਈ ਨਹੀਂ ਕਰ ਦਿੱਤੀ ਜਾਂਦੀ, ਉਦੋਂ ਤੱਕ ਸਿਰਫ Print challan and re-

print challan ਬਟਨ ਹੀ ਦਿਖਣਗੇ । ਫੀਸ ਵੈਰੀਫਾਈ ਹੋਣ ਉਪਰੰਤ ਹੀ Download ਲਿੰਕ ਦਿਖੇਗਾ

14. ਚਲਾਨ ਵਿੱਚ ਦਰਸਾਈ Valid date ਤੱਕ ਹਰ ਹਾਲਤ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ । ਇਸ ਸਬੰਧੀ ਸਾਰੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ।

15 ਓਪਨ ਸਕੂਲ ਕੈਟਾਗਿਰੀ ਲਈ ਵੀ same process ਨਾਲ ਜੀਰੋ (0) ਫੀਸ ਨਾਲ ਚਲਾਨ ਜਰਨੇਟ ਕੀਤਾ ਜਾਵੇ ਅਤੇ ਪ੍ਰੀਖਿਆ ਫਾਰਮ ਨੂੰ Download ਕੀਤਾ ਜਾਵੇ ।

**(ਅ) ਪ੍ਰੀਖਿਆ ਫਾਰਮ ਭੇਜਣ ਸਬੰਧੀ ਹਦਾਇਤਾਂ:-**

1. ਉਮੀਦਵਾਰ ਜੇਕਰ ਇੱਕ ਤੋਂ ਵੱਧ ਫਾਰਮ (ਰੈਗੂਲਰ/ਓਪਨ ਸਕੂਲ) ਰਾਹੀਂ ਭਰੇਗਾ ਤਾਂ ਉਸ ਦਾ ਇੱਕ ਉਮੀਦਵਾਰ ਹੱਕ ਰੱਦ ਕਰ ਦਿੱਤਾ ਜਾਵੇਗਾ। ਇਹ ਸਾਰੇ ਉਮੀਦਵਾਰਾਂ ਨੂੰ ਨੋਟ ਕਰਵਾਇਆ ਜਾਵੇ ।

2. ਸਕੂਲ ਮੁੱਖੀ ਪ੍ਰੀਖਿਆ ਫਾਰਮ Download ਕਰਕੇ ਰੱਖਣਗੇ ਅਤੇ ਲੋੜ ਪੈਣ ਤੇ ਪ੍ਰੀਖਿਆ ਫਾਰਮ ਮੁੱਖ ਦਫਤਰ ਮੰਗਵਾਏ ਜਾ ਸਕਦੇ ਹਨ।

**(ੲ) ਪ੍ਰੀਖਿਆਰਥੀ ਦੇ ਵੇਰਵਿਆਂ ਵਿੱਚ ਸੋਧ ਸਬੰਧੀ ।**

ਉਮੀਦਵਾਰਾਂ ਦੇ ਵੇਰਵੇ ਜਿਵੇਂ ਕਿ ਉਮੀਦਵਾਰ ਦਾ ਨਾਂ ,ਪਿਤਾ ਅਤੇ ਮਾਤਾ ਦੇ ਨਾਂ ਦੇ ਸਪੈਲਿੰਗ, ਰਜਿਸਟ੍ਰੇਸ਼ਨ ਨੰਬਰ, ਜਨਮ ਮਿਤੀ ਰਜਿਸਟ੍ਰੇਸ਼ਨ ਰਿਟਰਨ ਦੇ ਆਧਾਰ ਤੇ ਪ੍ਰਿੰਟ ਕਰਕੇ ਭੇਜੇ ਗਏ ਹਨ । ਪ੍ਰੀਖਿਆ ਫਾਰਮ ਵਿੱਚ ਸਕੂਲ ਪੱਧਰ ਤੇ ਕੋਈ ਸੋਧ ਨਾ ਕੀਤੀ ਜਾਵੇ । ਉਮੀਦਵਾਰ ਦੇ ਵੇਰਵਿਆਂ ਵਿੱਚ ਕੋਈ ਗਲਤੀ ਰਹਿ ਗਈ ਤਾਂ ਉਸਦੀ ਸੋਧ ਕਰੈਕਸ਼ਨ ਪ੍ਰੋਫਾਰਮੇ ਤੋਂ ਭਰ ਕੇ ਭੇਜੀ ਜਾਵੇ। ਇਹ ਸੋਧ ਬੋਰਡ ਵੱਲੋਂ ਸੋਧਾਂ ਸਬੰਧੀ ਜਾਰੀ ਸ਼ਡਿਊਲ ਅਨੁਸਾਰ ਹੀ ਕੀਤੀ ਜਾਵੇਗੀ।

2. ਪ੍ਰੀਖਿਆਰਥੀਆਂ ਦੇ ਸਰਟੀਫਿਕੇਟ ਡਿ.ਜੀ.ਲਾਕਰ ਤੇ ਵੀ ਅਪਲੋਡ ਕੀਤੇ ਜਾਣਗੇ।

3.ਨਤੀਜਾ ਨਿਕਲਣ ਤੋਂ ਬਾਅਦ ਹਰ ਪ੍ਰਕਾਰ ਦੀ ਸੋਧ ਭਾਵ ਪ੍ਰੀਖਿਆਰਥੀ ਦਾ ਨਾਮ/ ਪਿਤਾ ਦਾ ਨਾਮ/ ਮਾਤਾ ਦਾ ਨਾਮ/ਜਨਮ ਮਿਤੀ/ਰਜਿਸਟ੍ਰੇਸ਼ਨ ਨੰਬਰ ਆਦਿ ਦੇ 1300 ਰੁਪਏ /ਪ੍ਰਤੀ ਸੋਧ ਲਏ ਜਾਣਗੇ।

(ਸ) Ministry of Social Justice & Empowerment, Department of Disability Affair ਵੱਲੋਂ ਅੰਗਹੀਣ ਉਮੀਦਵਾਰਾਂ ਲਈ ਲਿਖਤੀ ਪ੍ਰੀਖਿਆਵਾਂ ਦੇ ਸੰਚਾਲਨ ਹਿੱਤ ਅਗਵਾਈ ਲੀਹਾਂ ਜਾਰੀ ਕੀਤੀਆਂ ਗਈ ਹਨ , ਇਹਨਾਂ ਹਦਾਇਤਾਂ ਅਨੁਸਾਰ-

1. 40% ਜਾਂ ਇਸ ਤੋਂ ਵੱਧ ਅਪੰਗਤਾ ਵਾਲੇ ਉਮੀਦਵਾਰਾਂ ਜੇ ਇੱਛੁਕ ਹੋਣ ਤਾਂ ਉਹਨਾਂ ਨੂੰ ਲਿਖਾਰੀ/ਕਿਤਾਬ/ਪਾਠਕ /ਲੈਬਾਰਟਰੀ ਸਹਾਇਕ ਪ੍ਰਾਪਤ ਕਰਨ ਦੀ ਸਹੂਲਤ ਹੋਵੇਗੀ

2. ਉਮੀਦਵਾਰ ਨੂੰ ਆਪਣੇ ਪੱਧਰ ਤੇ ਲਿਖਾਰੀ/ਕਿਤਾਬ/ਪਾਠਕ /ਲੈਬਾਰਟਰੀ ਸਹਾਇਕ ਚੁਨਣ ਦੀ ਖੁੱਲ ਹੋਵੇਗੀ ਜਾਂ ਉਮੀਦਵਾਰ ਇਹ ਸੂਹਲਤ ਪ੍ਰਾਪਤ ਕਰਨ ਲਈ ਪ੍ਰੀਖਿਆ ਸੰਚਾਲਨ ਸੰਸਥਾ ਨੂੰ ਬੇਨਤੀ ਕਰ ਸਕੇਗਾ ।

3. ਪ੍ਰੀਖਿਆ ਸੰਚਾਲਨ ਸੰਸਥਾ ਪ੍ਰੀਖਿਆਰਥੀ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਜਿਨ੍ਹਾ ,ਖੇਤਰਾਂ ਰਾਜ ਪੱਧਰ ਤੇ ਲਿਖਾਰੀ/ਕਿਤਾਬ/ਪਾਠਕ /ਲੈਬਾਰਟਰੀ ਸਹਾਇਕ ਦਾ ਪੈਨਲ ਬਣਾ ਸਕਦੀ ਹੈ ਇਸ ਸਰੂਤ ਵਿੱਚ ਉਮੀਦਵਾਰ ਨੂੰ ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਲਿਖਾਰੀ/ਕਿਤਾਬ/ਪਾਠਕ /ਲੈਬਾਰਟਰੀ ਸਹਾਇਕ ਨੂੰ ਮਿਲਣ ਦੀ ਆਗਿਆ ਹੋਵੇਗੀ ਤਾਂ ਜੋ ਉਮੀਦਵਾਰ ਲਿਖਾਰੀ/ਕਿਤਾਬ/ਪਾਠਕ /ਲੈਬਾਰਟਰੀ ਸਹਾਇਕ ਦੀ ਯੋਗਤਾ ਨੂੰ ਪਰਖ ਸਕੇ।

4. ਤਤਾਕਾਲੀਨ ਹਾਲਾਤਾਂ ਵਿੱਚ ਉਮੀਦਵਾਰ ਨੂੰ ਲਿਖਾਰੀ/ਕਿਤਾਬ/ਪਾਠਕ/ਲੈਬਾਰਟਰੀ ਸਹਾਇਕ ਦਾ ਬਦਲਵਾਂ ਪ੍ਰਬੰਧ ਕਰਨ ਦੀ ਵਿਵਸਥਾ ਹੋਵੇਗੀ। ਲਿਖਾਰੀ/ਕਿਤਾਬ/ਪਾਠਕ /ਲੈਬਾਰਟਰੀ ਸਹਾਇਕ ਲਈ ਵਿੱਦਿਅਕ ਯੋਗਤਾਵਾਂ ਪ੍ਰਾਪਤਅੰਕ ਉਮਰ ਅਤੇ ਹੋਰ ਪਾਬੰਦੀਆ ਦੇ ਮਾਪਦੰਡ ਨਿਰਧਾਰਿਤ ਨਹੀਂ ਕੀਤੇ ਜਾਣਗੇ ਸਗੋਂ ਪ੍ਰੀਖਿਆ ਸੰਚਾਲਨ ਸੰਸਥਾ ਮਜਬੂਤ ਨਿਗਰਾਨ ਅਮਲੇ ਦਾ ਪ੍ਰਬੰਧ ਕਰੇਗੀ ਤਾਂ ਜੋ ਪ੍ਰੀਖਿਆਰਥੀਆਂ ਨੂੰ ਨਕਲਾਂ ਤੇ ਹੋਰ ਅਣਉਚਿਤ ਸਾਧਨਾਂ ਦੀ ਵਰਤੋਂ ਨਾ ਕਰ ਸਕੇ ।

5. ਵਿਲੱਖਣ ਸਮਰੱਥਾ ਵਾਲੇ ਉਮੀਦਵਾਰਾਂ ਨੂੰ ਪ੍ਰੀਖਿਆ ਦੇਣ ਦੀ ਪੱਧਤੀ/ਵਿਸ਼ੇ ਚੁਣਨ ਦੀ ਖੁੱਲ ਹੋਵੇਗੀ ਜਿਵੇਂ ਕਿ ਬਰੈਲ ਭਾਸ਼ਾ, ਕੰਪਿਊਟਰ ਵੱਡਾ ਪ੍ਰਿੰਟ ਜਾਂ ਉੱਤਰਾਂ ਦੀ ਰਿਕਾਰਡਿੰਗ ਸੰਬੰਧੀ ਸਹੂਲਤ ਆਦਿ, ਕਿਉਂਕਿ ਪ੍ਰੀਖਿਆ ਸੰਚਾਲਨ ਸੰਸਥਾ ਵਜੋਂ ਟੈਕਨੋਲਜੀ ਦੀ ਵਰਤੋਂ ਅਸਾਨੀ ਨਾਲ ਸਹਿਜ ਹੀ ਪ੍ਰਸ਼ਨ ਪੱਤਰ ਨੂੰ ਵੱਡੇ ਪ੍ਰਿੰਟ ਜਾਂ ਬਰੈਲ ਲਿਪੀ ਨੂੰ ਅੰਗਰੇਜੀ ਭਾਸ਼ਾ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ।

6. ਉਮੀਦਵਾਰ ਨੂੰ ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਕੰਪਿਊਟਰ ਸਿਸਟਮ ਦੀ ਜਾਂਚ ਕਰਨ ਦੀ ਆਗਿਆ ਹੋਵੇਗੀ ,ਜੇਕਰ ਸਾਫਟਵੇਅਰ ਜਾਂ ਸਿਸਟਮ ਵਿੱਚ ਕੋਈ ਤਰੁੱਟੀ ਹੋਵੇ ਤਾਂ ਉਸਨੂੰ ਦਰੁੱਸਤ ਕੀਤਾ ਜਾ ਸਕੇ।

7.ਕਿਸੇ ਵੀ ਸਥਾਨ ਤੋਂ ਯੋਗ ਮੈਡੀਕਲ ਅਥਾਰਟੀ ਵੱਲੋਂ ਜਾਰੀ ਸਰਟੀਫਿਕੇਟ ਦੇਸ਼ ਭਰ ਵਿੱਚ ਮਾਨਤਾ ਯੋਗ ਹੋਵੇਗਾ ।

8. ਵਧੇਰੇ ਜਾਂ ਵਾਧੂ ਸਮਾਂ ਜੋ ਵਰਤਮਾਨ ਮੌਜੂਦਾ ਸਮੇਂ ਵਿੱਚ ਲਾਗੂ ਹੋਵੇ ਨੂੰ ਬਦਲ ਕੇ ਪੂਰਕ (Compensatory) ਸਮੇਂ ਵਿੱਚ ਵਰਤਿਆ ਜਾਵੇ ਅਤੇ ਹਰ ਇੱਕ ਘੰਟੇ ਦੀ ਪ੍ਰੀਖਿਆ ਲਈ ਇਹ ਸਮਾਂ 20 ਮਿੰਟ ਤੋਂ ਘੱਟ ਨਹੀਂ ਹੋਵੇਗਾ। ਜੋ ਲਿਖਾਰੀ,ਪਾਠਕ ਅਤੇ ਲੈਬ ਸਹਾਇਕ ਦੀ ਵਰਤੋਂ ਕਰਨਗੇ ਉਹ ਸਾਰੇ ਲਿਖਾਰੀ/ਕਿਤਾਬ/ਪਾਠਕ/ਲੈਬਾਰਟਰੀ ਸਹਾਇਕ ਦੀ ਸਹੂਲਤ ਪ੍ਰਾਪਤ ਨਹੀਂ ਕਰਨਗੇ । ਉਨ੍ਹਾ ਨੂੰ ਤਿੰਨ ਘੰਟੇ ਪ੍ਰੀਖਿਆ ਲਈ ਘੱਟੋ ਘੱਟ ਇਕ ਘੰਟੇ ਦਾ ਵਾਧੂ ਸਮਾਂ ਦਿੱਤਾ ਜਾਵੇਗਾ।

9. ਉਮੀਦਵਾਰਾਂ ਨੂੰ ਸਹਾਇਕ ਸੱਮਗਰੀ ਜਿਵੇਂ ਕਿ Talking Calculator ( ਜੇਕਰ ਪ੍ਰੀਖਿਆ ਵਿੱਚ Calculator ਦੀ ਵਰਤੋਂ ਕੀਤੀ ਜਾ ਸਕੇ) ਟੇਲਰ ਫਰੇਮ (Tailor frame) ਬਰੇਲ ਸਲੇਟ (Braille Slate) ਅਬੈਕਸ (Abacus) ,ਜਿਊਮੈਟਰੀ ਕਿਟ (Geometry Kit) , ਬਰੇਲ ਮਾਪਣ ਦੀ ਟੇਪ (Braille measuring tape) ,ਅਗੂਮੈਂਟ੍ਰੇਟਿਵ ਕੰਮਿਊਨੀਕੇਸ਼ਨ ਡਿਵਾਈਸ (Augmentative devices) ਜਿਵੇਂ ਕੰਮਿਊਨੀਕੇਸ਼ਨ ਚਾਰਟ (Communication chart) ਅਤੇ ਇਲੈਕਟ੍ਰੋਨਿਕ ਡਿਵਾਈਸ (Electronic devices ) ਦੀ ਸਹੂਲਤ ਹੋਵੇਗੀ ।

10. ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਉਮੀਦਵਾਰ ਲਈ ਬੈਠਣ ਦਾ ਯੋਗ ਪ੍ਰਬੰਧ ਵਿਸ਼ੇਸ਼ ਤੌਰ ਤੇ ਹੇਠਲੀ ਮੰਜ਼ਿਲ ਤੇ ਹੋਵੇ ਜੋ ਪ੍ਰੀਖਿਆ ਵਾਲੇ ਦਿਨ ਉਮੀਦਵਾਰ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਜਾਂ ਉਲਝਣ ਦਾ ਸਾਹਮਣਾ ਨਾ ਕਰਨਾ ਪਵੇ। ਪ੍ਰਸ਼ਨ ਪੱਤਰ ਵੰਡਣ ਦਾ ਸਮਾਂ ਨਿਸ਼ਚਿਤ ਕੀਤਾ ਜਾਵੇ ਅਤੇ ਯੋਗ ਸਮੇਂ ਤੇ ਪੂਰਕ ਪ੍ਰਸਨ ਪੱਤਰ ਸਹੀ ਸਮੇਂ ਤੇ ਮੁਹੱਈਆ ਕਰਵਾਇਆ ਜਾਵੇ।

11. ਦੇਖਣ ਤੋਂ ਅਸਮਰੱਥ ਉਮੀਦਵਾਰਾਂ ਲਈ ਮੌਜੂਦਾ ਨੀਤੀ ਕਿ Visual Input ਦੀ ਜਰੂਰਤ ਵਾਲੇ ਪ੍ਰਸ਼ਨਾਂ ਦੀ ਲਗਾਤਾਰਤਾ ਵਿੱਚ ਸੁਣਨ ਤੋਂ ਅਸਮਰੱਥ ਉਮੀਦਵਾਰਾਂ ਲਈ ਵਿਆਖਿਆਤਮਕ (Subjective) ਪ੍ਰਸ਼ਨਾਂ ਦੀ ਥਾਂ ਬਦਲਵੇ ਛੋਟੇ (Objective) ਪ੍ਰਸ਼ਨ ਮੁਹਈਆ ਕਰਵਾਏ ਜਾਣਗੇ।

**(ਹ) ਹਾਜ਼ਰੀਆਂ ਅਤੇ ਅੰਦਰੂਨੀ ਪ੍ਰੀਖਿਆਵਾਂ ਦੀਆਂ ਸ਼ਰਤਾਂ:-**

1. ਹਰ ਉਮੀਦਵਾਰ ਲਈ 75% ਹਾਜ਼ਰੀਆਂ ਪੂਰੀਆਂ ਕਰਨੀਆਂ ਜਰੂਰੀ ਹਨ। ਇਹ ਸ਼ਰਤਾਂ ਪ੍ਰਯੋਗੀ ਅਤੇ ਲਿਖਤੀ ਦੋਵੇਂ ਪੇਪਰਾਂ ਲਈ ਹਨ । ਹਾਜ਼ਰੀਆਂ ਦੀ ਗਿਣਤੀ ਦਾਖਲੇ ਦੀ (ਬਿਨਾਂ ਲੇਟ ਫੀਸ ਤੋਂ) ਆਖਰੀ ਮਿਤੀ ਤੋਂ ਪ੍ਰੀਖਿਆ ਲਈ ਤਿਆਰੀ ਦੀਆਂ ਛੁੱਟੀਆਂ ਹੋਣ ਤੱਕ ਕੀਤੀ ਜਾਵੇ ਜਿਸ ਉਮੀਦਵਾਰ ਦੀਆਂ ਹਾਜ਼ਰੀਆਂ ਘੱਟ ਹੋਣ ਉਸ ਦਾ ਪ੍ਰੀਖਿਆ ਫਾਰਮ ਆਰਜੀ ਤੌਰ ਤੇ ਭੇਜਿਆ ਜਾਵੇ ।

2. ਜੇਕਰ ਕਿਸੇ ਉਮੀਦਵਾਰ ਦਾ ਨਾਂ ਸਕੂਲ ਵਿੱਚੋਂ ਪ੍ਰੀਖਿਆ ਫਾਰਮ ਭਰਨ ਤੋਂ ਬਾਅਦ ਕੱਟ ਦਿੱਤਾ ਗਿਆ ਹੋਵੇ ਅਤੇ ਉਹ ਪ੍ਰੀਖਿਆ ਸ਼ੁਰੂ ਹੋਣ ਤੋਂ 14 ਦਿਨ ਪਹਿਲਾਂ ਸਕੂਲ ਵਿੱਚ ਮੁੜ ਦਾਖਲਾ ਲੈ ਲੈਂਦਾ ਹੈ ਅਤੇ ਬਾਕੀ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਉਹ ਪ੍ਰੀਖਿਆ ਦੇਣ ਲਈ ਯੋਗ ਹੋਵੇਗਾ। ਸਕੂਲ ਮੁੱਖੀ ਉਮੀਦਵਾਰ ਦਾ ਪ੍ਰੀਖਿਆ ਫਾਰਮ ਭੇਜਣ ਤੋਂ ਬਾਅਦ ਰੋਲ ਨੰਬਰ ਹੇਠ ਲਿਖੇ ਕਾਰਨਾਂ ਕਰਕੇ ਵਾਪਸ ਲੈ ਸਕਦੇ ਹਨ :-

1.ਹਾਜ਼ਰੀਆਂ ਦੀ ਕਮੀ ਕਰਨ

2.ਭੈੜੇ ਚਾਲ ਚਲਣ ਕਾਰਨ (ਭੈੜੇ ਚਾਲ ਚਲਣ ਬਾਰੇ ਸਪਸ਼ਟ ਕਾਰਨ ਦੱਸੋਂ)

3.ਨਾਂ ਕੱਟੇ ਜਾਣ ਕਾਰਨ (ਨਾਂ ਕੱਟੇ ਜਾਣ ਦਾ ਕਾਰਨ ਦੱਸੋਂ )

**(ਕ) ਸਾਵਧਾਨੀਆ :-**

1. ਜੇ ਕੋਈ ਉਮੀਦਵਾਰ ਕਿਸੇ ਵੀ ਯੂਨੀਵਰਸਿਟੀ/ਬੋਰਡ ਦੀ ਪ੍ਰੀਖਿਆ ਦੇਣ ਤੋਂ ਵਰਜਿਤ ਕੀਤਾ ਗਿਆ ਹੋਵੇ ਤਾਂ ਉਸ ਬਾਰੇ ਸਾਰੀ ਸੂਚਨਾ ਭਾਵ ਯੂਨੀਵਰਸਿਟੀ/ਬੋਰਡ ਦਾ ਨਾਂ, ਪ੍ਰੀਖਿਆ ਦਾ ਨਾਂ, ਰੋਲ ਨੰਬਰ , ਸੈਸ਼ਨ/ਸਾਲ ਅਤੇ ਵਰਜਿਤ ਸਮੇਂ ਦਾ ਵਰਨਣ ਦਰਜ ਕੀਤਾ ਜਾਵੇ।

2. ਬੋਰਡ ਵੱਲੋਂ ਰੋਲ ਨੰਬਰ ਪ੍ਰਾਪਤ ਹੋਣ ਤੋਂ ਤੁਰੰਤ ਬਾਅਦ ਉਹਨਾਂ ਉਮੀਦਵਾਰਾਂ ਦੇ ਨਾਮ ,ਜਿਨ੍ਹਾ ਦਾ ਉਮੀਦਵਾਰੀ ਹੱਕ ਪ੍ਰੀਖਿਆ ਦੇਣ ਦੇ ਅਯੋਗ ਹੋਣ ਕਾਰਨ ਰੱਦ ਕਰਾਉਣਾ ਹੈ ਤਾਂ ਰਜਿਸਟਰੀ ਪੱਤਰ ਦੁਆਰਾ ਤੁਰੰਤ ਦਫਤਰ ਨੂੰ ਲਿਖ ਕੇ ਭੇਜ ਦਿੱਤਾ ਜਾਵੇ।

**(ਖ) ਪ੍ਰੀਖਿਆ ਕੇਂਦਰ ਸਬੰਧੀ :-**

ਪ੍ਰੀਖਿਆ ਫਾਰਮ ਵਿੱਚ ਭਰੇ ਪ੍ਰੀਖਿਆ ਕੇਂਦਰ ਅਨੁਸਾਰ ਹੀ ਪ੍ਰੀਖਿਆ ਕੇਂਦਰ ਅਲਾਟ ਕੀਤਾ ਜਾਵੇਗਾ। ਦਫਤਰ ਵੱਲੋਂ ਅਲਾਟ ਕੀਤੇ ਕੇਂਦਰ ਵਿੱਚ ਬਾਅਦ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

**(ਗ) ਜਿਨਾਂ ਸਕੂਲਾਂ ਦੇ ਪ੍ਰੀਖਿਆਰਥੀਆਂ ਨੂੰ ਰਜਿਸਟਰੇਸ਼ਨ ਨੰਬਰ ਅਲਾਟ ਨਹੀਂ ਹੋਇਆ ਤਾਂ ਉਹ ਆਪਣਾ ਰਜਿਸਟਰੇਸ਼ਨ ਨੰਬਰ ਤੁਰੰਤ ਅਲਾਟ ਕਰਵਾਉਣ ਨਹੀਂ ਤਾਂ ਉਹਨਾਂ ਦੇ ਰੋਲ ਨੰਬਰ ਰੋਕ ਲਏ ਜਾਣਗੇ ਅਤੇ ਫਾਰਮ ਰੱਦ ਕਰ ਦਿੱਤਾ ਜਾਵੇਗਾ।**

ਸਕੱਤਰ

19/9/25 19/9/25 19/9/25 19/9/25 19/09/25